# ਮਾਪੇ-ਅਧਿਆਪਕ ਐਸੋਸੀਏਸ਼ਨ ਵਿੱਚ ਸ਼ਾਮਲ ਹੋਣਾ
## ਆਪਣੇ ਬੱਚਿਆਂ ਨਾਲ ਚੱਲਣਾ



ਪਰਵਿਾਰ ਅਤੇ ਸਕੂਲ, ਬੱਚਿਆਂ ਲਈ ਸਿੱਖਿਆ ਵਿੱਚ ਸਹਿਕਾਰੀ ਸਹਿਭਾਗੀ ਹੋਣ ਦੇ ਨਾਤੇ, ਇਹਨਾਂ ਨੂੰ ਸਾਡੀ ਅਗਲੀ ਪੀੜ੍ਹੀ ਦੀ ਸਿੱਖਿਆ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ ।

### ਮਾਪੇ-ਅਧਆਿਪਕ ਐਸੋਸੀਏਸ਼ਨ (PTA)

ਹਾਂਗ ਕਾਂਗ ਦੇ ਜ਼ਿਆਦਾਤਰ ਸਕੂਲਾਂ ਨੇ ਆਪਣੇ PTAs ਜਾਂ ਮਾਪਿਆਂ ਦੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਹਨ। PTA ਰਾਹੀਂ, ਮਾਪੇ ਬੱਚਿਆਂ ਦੇ ਭੌਤਿਕ ਅਤੇ ਬੌਧਕ ਵਿਕਾਸ ਲਈ ਆਦਰਸ਼ਕ ਪੜ੍ਹਾਈ ਦੇ ਮਾਹੌਲ ਨੂੰ ਬਣਾਉਣ ਲਈ ਸਕੂਲ ਦੇ ਨਾਲ ਕੰਮ ਕਰ ਸਕਦੇ ਹਨ ।

ਨਿਯਮਿਤ ਮੀਟਿੰਗਾਂ ਦੇ ਦੌਰਾਨ, ਮਾਤਾ-ਪਿਤਾ ਅਤੇ ਅਧਿਆਪਕ ਦੋਵੇਂ ਵਿਚਾਰਾਂ ਦਾ ਵਟਾਂਦਰਾ ਕਰ ਸਕਦੇ ਹਨ ਅਤੇ ਸਕੂਲੀ ਸਿੱਖਿਆ ਦੇ ਸਬੰਧ ਵਿੱਚ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰ ਸਕਦੇ ਹਨ, ਜਿਸ ਨਾਲ ਇਕ ਦੂਜੇ ਲਈ ਆਪਸੀ ਸਮਝ ਵਿਕਸਿਤ ਹੋ ਸਕਦੀ ਹੈ ।

PTA ਬਾਰੇ ਪੁੱਛ-ਪੜਤਾਲ ਲਈ, ਸਕੂਲ ਨਾਲ ਸੰਪਰਕ ਕਰੋ।

### PTA ਦੇ ਸੰਗਠਨ

PTA ਦੇ ਜ਼ਿਲ੍ਹਾ-ਸੰਗਠਨ ਦਾ ਪ੍ਰਬੰਧ ਪ੍ਰਸ਼ਾਸਕੀ ਜ਼ਿਲ੍ਹਿਆਂ ਵਿੱਚ ਸਕੂਲ ਦੇ PTA ਦੁਆਰਾ ਕੀਤਾ ਜਾਂਦਾ ਹੈ । PTA ਦੇ ਇਨ੍ਹਾਂ ਸੰਗਠਨਾਂ ਨੇ ਆਪਣੇ ਜ਼ਿਲ੍ਹਿਆਂ ਵਿੱਚ ਮਾਪਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਹੈ ।

ਮੌਜੂਦਾ ਸਮੇਂ, ਹਾਂਗ ਕਾਂਗ ਦੇ ਸਾਰੇ 18 ਪ੍ਰਸ਼ਾਸਕੀ ਜ਼ਿਲ੍ਹਿਆਂ ਨੇ PTA ਦੇ ਆਪਣੇ ਸੰਘ ਦੀ ਸਥਾਪਨਾ ਕੀਤੀ ਹੈ ।







# ਮਾਪੇ-ਅਧਿਆਪਕ ਐਸੋਸੀਏਸ਼ਨ ਵਿੱਚ ਸ਼ਾਮਲ ਹੋਣਾ
## ਆਪਣੇ ਬੱਚਿਆਂ ਨਾਲ ਚੱਲਣਾ

### ਹੋਮ -ਸਕੂਲ ਸਹਿਯੋਗ ਤੇ ਕਮੇਟੀ

ਹੋਮ-ਸਕੂਲ ਤੇ ਕਮੇਟੀ ਦੀ ਸਥਾਪਨਾ 1993 ਵਿੱਚ ਸਥਾਪਿਤ ਕੀਤੀ ਗਈ, ਕਮੇਟੀ ਨੇ ਹਾਂਗ ਕਾਂਗ ਵਿੱਚ ਹੋਮ-ਸਕੂਲ ਦੇ ਸਹਿਯੋਗ ਨੂੰ ਅੱਗੇ ਵਧਾਉਣ ਲਈ ਸਕੂਲਾਂ ਨੂੰ ਵਧਾਵਾ ਅਤੇ ਸਮਰਥਨ ਦਿੱਤਾ ।

ਹੋਮ-ਸਕੂਲ ਤੇ ਕਮੇਟੀ ਦੀ ਸਕੱਤਰੇਤ ਹੋਮ-ਸਕੂਲ ਦੇ ਸਹਿਯੋਗ ਬਾਰੇ ਮਾਪਿਆਂ ਦੀ ਕਿਸੇ ਵੀ ਪੁੱਛ-ਪੜਤਾਲ ਦਾ ਜਵਾਬ ਦੇਣ ਵਿੱਚ ਖੁਸ਼ ਹਨ । ਸਕੱਤਰੇਤ ਦੀ ਪੁੱਛ-ਪੜਤਾਲ ਲਈ ਨੰਬਰ 3698 4376 ਹੈ।

ਮਾਤਾ-ਪਿਤਾ PTA ਅਤੇ PTA ਸੰਗਠਨਾਂ ਦੇ ਵੇਰਵੇ ਲਈ ਹੋਮ-ਸਕੂਲ ਸਹਿਯੋਗ ਕਮੇਟੀ ਦੀ ਵੈਬਸਾਈਟ http://www.chsc.hk/eng/ ਤੇ ਦੇਖ ਸਕਦੇ ਹਨ ।

